Surrey Schools
LEADERSHIP IN LEARNING

Tel: 604.596.7733
www.surreyschools.ca

# ਮੀਡੀਆ/ਵੈੱਬਸਾਈਟ ਸਹਿਮਤੀ ਫਾਰਮ

## ਨਿਊਜ਼ ਮੀਡੀਆ

(Media-Web consent form)

ਸਰੀ ਸਕੂਲ ਡਿਸਟ੍ਰਿਕਟ ਕੋਲ ਕਈ ਵਾਰੀ ਨਿਊਜ਼ ਮੀਡੀਏ ਵਲੋਂ ਖਬਰਾਂ ਦੇ ਸੰਬੰਧ ਵਿਚ ਕਿਸੇ ਇਕੱਲੇ ਵਿਦਿਆਰਥੀ ਜਾਂ ਵਿਦਿਆਰਥੀਆਂ ਦੇ ਗਰੁੱਪ ਨੂੰ ਇੰਟਰਵਿਊ ਕਰਨ, ਉਨ੍ਹਾਂ ਦੀਆਂ ਫੋਟੋਆਂ ਖਿਚਣ ਜਾਂ ਵੀਡੀਓ ਰਿਕਾਰਡ ਕਰਨ ਲਈ ਬੇਨਤੀਆਂ ਪਹੁੰਚਦੀਆਂ ਰਹਿੰਦੀਆਂ ਹਨ। ਇਸ ਦੇ ਨਾਲ ਹੀ ਕਈ ਵਾਰੀ ਸਕੂਲ ਦੇ ਸਮਾਗਮਾਂ, ਵਿਦਿਆਰਥੀਆਂ ਅਤੇ ਸਕੂਲ ਦੀਆਂ ਕਾਮਯਾਬੀਆਂ ਦਾ ਪ੍ਰਚਾਰ ਕਰਨ ਲਈ ਰਿਪੋਰਟਰਾਂ ਨੂੰ ਸਕੂਲਾਂ ਵਿਚ ਸੱਦਿਆ ਜਾਂਦਾ ਹੈ।

ਸਾਡੇ ਸਕੂਲਾਂ ਵਿੱਚ ਲੋਕਾਂ ਨਾਲ ਸਾਂਝੀਆਂ ਕਰਨ ਵਾਲੀਆਂ ਕਈ ਮਹੱਤਵਪੂਰਨ ਕਹਾਣੀਆਂ ਹੁੰਦੀਆਂ ਹਨ, ਅਤੇ ਸਰਕਾਰੀ ਸੰਸਥਾ ਹੁੰਦੇ ਹੋਏ, ਅਸੀਂ ਜਦੋਂ ਵੀ ਸੰਭਵ ਹੋਵੇ ਮੀਡੀਏ ਨਾਲ ਸਹਿਯੋਗ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਅਸੀਂ ਨਿੱਜੀ ਪ੍ਰਾਈਵੇਸੀ ਦੇ ਤੁਹਾਡੇ ਅਧਿਕਾਰ ਨੂੰ ਪਹਿਲ ਦਿੰਦੇ ਹਾਂ। ਇਸ ਲਈ ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਇਹ ਸਹਿਮਤੀ ਫਾਰਮ ਭਰ ਕੇ ਸਕੂਲ ਨੂੰ ਦਿਉ ਤਾਂ ਕਿ ਅਸੀਂ ਪਰਿਵਾਰ ਦੀ ਪ੍ਰਾਈਵੇਸੀ ਬਾਰੇ ਤੁਹਾਡੀ ਇੱਛਾ ਦਾ ਸਤਿਕਾਰ ਕਰ ਸਕੀਏ।

______ **ਹਾਂ**, ਹੇਠ ਲਿਖੇ ਵਿਦਿਆਰਥੀ ਦੇ ਮਾਪੇ/ਗਾਰਡੀਅਨ ਵਜੋਂ ਮੈਂ ਨਿਊਜ਼ ਮੀਡੀਏ ਵਲੋਂ ਉਸ ਦੀ ਫੋਟੋ ਅਤੇ/ਜਾਂ ਨਾਂ ਨੂੰ ਉੱਪਰ ਦੱਸੇ ਅਨੁਸਾਰ ਪ੍ਰਕਾਸ਼ਤ/ਬ੍ਰਾਡਕਾਸਟ ਕਰਨ ਲਈ ਆਪਣੀ ਸਹਿਮਤੀ ਦਿੰਦਾ/ਦਿੰਦੀ ਹਾਂ।

______ **ਨਹੀਂ**, ਹੇਠ ਲਿਖੇ ਵਿਦਿਆਰਥੀ ਦੇ ਮਾਪੇ/ਗਾਰਡੀਅਨ ਵਜੋਂ ਮੈਂ ਨਿਊਜ਼ ਮੀਡੀਏ ਵਲੋਂ ਉਸ ਦੀ ਫੋਟੋ ਅਤੇ/ਜਾਂ ਨਾਂ ਨੂੰ ਪ੍ਰਕਾਸ਼ਤ/ਬ੍ਰਾਡਕਾਸਟ ਕਰਨ ਲਈ ਆਪਣੀ ਸਹਿਮਤੀ ਨਹੀਂ ਦਿੰਦਾ/ਦਿੰਦੀ, ਜਦੋਂ ਅਤੇ ਜਿੱਥੇ ਸਕੂਲ ਜਾਂ ਸਕੂਲ ਡਿਸਟ੍ਰਿਕਟ ਕੋਲ ਅਜਿਹੀ ਸਰਗਰਮੀ ਉੱਪਰ ਕੰਟਰੋਲ ਹੋਵੇ।*

***ਸਕੂਲ ਅਤੇ ਡਿਸਟ੍ਰਿਕਟ ਦਾ ਸਟਾਫ ਫੀਲਡ ਟ੍ਰਿਪਾਂ ਜਾਂ ਜਨਤਕ ਥਾਂਵਾਂ 'ਤੇ ਹੋਣ ਵਾਲੇ ਆਮ ਲੋਕਾਂ ਲਈ ਖੁੱਲ੍ਹੇ ਸਮਾਗਮਾਂ -ਜਿਵੇਂ ਖੇਡਾਂ ਦੇ ਟੂਰਨਾਮੈਂਟ, ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ, ਸਕੂਲ ਬੋਰਡ ਦੀਆਂ ਮੀਟਿੰਗਾਂ ਆਦਿ-ਵਿੱਚ ਨਿਊਜ਼ ਮੀਡੀਏ ਦੀ ਪਹੁੰਚ ਜਾਂ ਫੋਟੋਆਂ/ਵੀਡੀਓ ਨੂੰ ਕੰਟਰੋਲ ਨਹੀਂ ਕਰ ਸਕਦਾ।**

## ਸਕੂਲ/ਡਿਸਟ੍ਰਿਕਟ ਦੇ ਵੈੱਬਸਾਈਟ ਅਤੇ ਪ੍ਰਕਾਸ਼ਨਾਵਾਂ

*ਫ੍ਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* ਅਨੁਸਾਰ, ਸਰੀ ਸਕੂਲ ਡਿਸਟ੍ਰਿਕਟ ਨੂੰ ਵਿਦਿਆਰਥੀ ਦਾ ਪੂਰਾ ਨਾਂ ਅਤੇ/ਜਾਂ ਫੋਟੋ/ਵੀਡੀਓ ਨੂੰ ਸਕੂਲ ਜਾਂ ਡਿਸਟ੍ਰਿਕਟ ਦੇ ਵੈੱਬਸਾਈਟਾਂ 'ਤੇ ਜਾਂ ਬ੍ਰੋਸ਼ਰਾਂ, ਰਿਪੋਰਟਾਂ ਅਤੇ ਇਸ਼ਤਿਹਾਰਾਂ ਵਰਗੀਆਂ ਲਿਖਤੀ ਪ੍ਰਕਾਸ਼ਨਾਵਾਂ ਵਿੱਚ ਜਨਤਕ ਤੌਰ 'ਤੇ ਪ੍ਰਕਾਸ਼ਤ ਕਰਨ ਲਈ ਸਹਿਮਤੀ ਦੀ ਲੋੜ ਹੈ। **ਇਸ ਲਈ ਸਕੂਲ ਜਾਂ ਡਿਸਟ੍ਰਿਕਟ ਦੀਆਂ ਸਰਗਰਮੀਆਂ ਦੇ ਸੰਬੰਧ ਵਿੱਚ ਤੁਹਾਡੇ ਬੱਚੇ ਦਾ ਪੂਰਾ ਨਾਂ, ਫੋਟੋ ਜਾਂ ਵੀਡੀਓ ਨੂੰ ਜਨਤਕ ਤੌਰ 'ਤੇ ਵੈੱਬਸਾਈਟਾਂ, ਬ੍ਰੋਸ਼ਰਾਂ, ਰਿਪੋਰਟਾਂ ਜਾਂ ਇਸ਼ਤਿਹਾਰਾਂ ਵਿੱਚ ਪ੍ਰਕਾਸ਼ਤ ਕਰਨ ਲਈ ਤੁਹਾਡੀ ਸਹਿਮਤੀ ਮੰਗੀ ਜਾ ਰਹੀ ਹੈ।**

______ **ਹਾਂ**, ਹੇਠ ਲਿਖੇ ਵਿਦਿਆਰਥੀ ਦੇ ਮਾਪੇ/ਗਾਰਡੀਅਨ ਵਜੋਂ ਮੈਂ ਉਸ ਦੇ ਨਾਂ, ਫੋਟੋ ਜਾਂ ਵੀਡੀਓ ਨੂੰ ਉੱਪਰ ਦੱਸੇ ਅਨੁਸਾਰ ਪ੍ਰਕਾਸ਼ਤ ਕਰਨ ਲਈ ਆਪਣੀ ਸਹਿਮਤੀ ਦਿੰਦਾ/ਦਿੰਦੀ ਹਾਂ।

______ **ਨਹੀਂ**, ਹੇਠ ਲਿਖੇ ਵਿਦਿਆਰਥੀ ਦੇ ਮਾਪੇ/ਗਾਰਡੀਅਨ ਵਜੋਂ ਮੈਂ ਉਸ ਦੇ ਨਾਂ, ਫੋਟੋ ਜਾਂ ਵੀਡੀਓ ਨੂੰ ਉੱਪਰ ਦੱਸੇ ਅਨੁਸਾਰ ਪ੍ਰਕਾਸ਼ਤ ਕਰਨ ਲਈ ਆਪਣੀ ਸਹਿਮਤੀ ਨਹੀਂ ਦਿੰਦਾ/ਦਿੰਦੀ।

***(ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ ਦਿੱਤੀ ਸਹਿਮਤੀ ਉਨ੍ਹਾਂ ਦੇ ਗ੍ਰੈਜੂਏਟ ਹੋਣ ਤੱਕ ਉਚਿਤ ਹੈ। ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਲਈ ਦਿੱਤੀ ਸਹਿਮਤੀ 8ਵੇਂ ਗ੍ਰੇਡ ਤੱਕ ਉਚਿਤ ਹੈ। ਪਰ ਆਪਣੇ ਸਕੂਲ ਨਾਲ ਸੰਪਰਕ ਕਰ ਕੇ ਤੁਸੀਂ ਆਪਣੀ ਸਹਿਮਤੀ ਨੂੰ ਕਿਸੇ ਵੀ ਸਮੇਂ ਦੁਬਾਰਾ ਗੌਰ ਕਰ ਕੇ ਬਦਲ ਸਕਦੇ ਹੋ।)***

______________________________ ______________________

ਮਾਪੇ/ਗਾਰਡੀਅਨ ਦੇ ਦਸਖਤ ਤਰੀਕ

______________________________ ______________________

*ਸੈਕੰਡਰੀ ਸਕੂਲ ਦੇ ਵਿਦਿਆਰਥੀ ਦੇ ਦਸਖਤ* ਤਰੀਕ

**ਵਿਦਿਆਰਥੀ ਦਾ ਨਾਂ (ਵੱਡੇ ਅੱਖਰਾਂ ਵਿੱਚ:______________________ਡਿਵੀਜ਼ਨ: ______ਗ੍ਰੇਡ : ______**